# ਨਵੇਂ ਹਾਲਾਤ, ਨਵੇਂ ਰਿਸ਼ਤੇ ਅਤੇ ਜ਼ਾਤ ਪਾਤ ਦਾ ਕੋਹੜ

ਪੰਜਾਬ ਦੇ ਬਦਲ ਰਹੇ ਹਾਲਾਤ ਕਰਕੇ ਹੁਣ ਖ਼ੂਨ ਅਤੇ ਜ਼ਾਤ ਦੇ ਅਧਾਰ ਤੇ ਬਣੇ ਹੋਏ ਪੁਰਾਣੇ ਰਿਸ਼ਤੇ ਟੁਟ ਰਹੇ ਹਨ ਤੇ ਇਸ ਦੀ ਥਾਂ ਤੇ ਨਵੀਆਂ ਸਾਂਝਾਂ ਅਤੇ ਨਵੇਂ ਰਿਸ਼ਤੇ ਕਾਇਮ ਹੋ ਰਹੇ ਹਨ। ਫੈਕਟਰੀਆਂ, ਮਿਲਾਂ, ਦਫ਼ਤਰਾਂ, ਯੂਨੀਅਨਾਂ, ਸਕੂਲਾਂ, ਕਾਲਜਾਂ, ਮਹੱਲਿਆਂ, ਢਾਬਿਆਂ ਅਤੇ ਬਸਤੀਆਂ ਵਿਚ ਹਰ ਜ਼ਾਤ ਦੇ ਲੋਕ ਇਕੱਠੇ ਹੁੰਦੇ ਹਨ ਅਤੇ ਸਾਂਝੇ ਨਿਸ਼ਾਨਿਆਂ ਲਈ ਸਾਂਝੀਆਂ ਮੁਹਿੰਮਾਂ ਚਲਦੀਆਂ ਹਨ। ਇਸ ਨਾਲ ਸਮਾਜ ਵਿਚ ਜਾਤ-ਪਾਤ ਦੀ ਪੁਰਾਣੀ ਜਕੜ ਨੂੰ ਢਾਹ ਲਗਦੀ ਹੈ।

1857 ਦੇ ਆਜ਼ਾਦੀ ਦੇ ਘੋਲ ਨੇ ਅੰਗ੍ਰੇਜ਼ੀ ਰਾਜ ਦੀਆਂ ਜੜਾਂ ਹਿਲਾ ਦਿੱਤੀਆਂ ਸੀ ਅਤੇ ਦਿਲ ਦਹਿਲਾ ਦਿਤਾ ਸੀ। ਬਸਤੀਵਾਦੀਆਂ ਅਤੇ ਉਨ੍ਹਾਂ ਦੇ ਝੋਲੀਚੁਕਾਂ ਨੇ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਨੂੰ ਲੁੱਟ ਕੇ ਆਪਣੇ ਮੁਨਾਫ਼ੇ ਵਧਾਉਣੇ ਅਤੇ ਆਪਣੇ ਰਾਜ ਨੂੰ ਪੱਕਾ ਕਰਨਾ ਸੀ ਇਸ ਲਈ ਉਨ੍ਹਾਂ ਨੇ ਕਿਸਾਨਾਂ ਮਜ਼ਦੂਰਾਂ ਅਤੇ ਕਰਮਚਾਰੀਆਂ ਦੀ ਨਵੀਂ ਬਣਦੀ ਸਾਂਝ ਵਿਚ ਫੁੱਟ ਪਾਉਣ ਅਤੇ ਇਸ ਨੂੰ ਕਮਜ਼ੋਰ ਕਰਨ ਲਈ ਜ਼ਾਤ ਪਾਤ ਅਤੇ ਧਰਮ ਨੂੰ ਵਰਤਿਆ। ਅੱਗੇ ਤੋਂ ਇਹੋ ਜਿਹੇ ਖ਼ਤਰੇ ਨੂੰ ਟਾਲਣ ਲਈ ਉਨ੍ਹਾਂ ਨੇ ਜ਼ਾਤ ਪਾਤ ਦੇ ਆਧਾਰ ਉੱਤੇ ਅਤੇ ਧਰਮ ਦੇ ਅਧਾਰ ਤੇ ਫਿਰਕੂ ਤਸ਼ੱਦਦ ਰਿਆਸਤ ਅਤੇ ਉਸਦੇ ਅਦਾਰਿਆਂ ਵਲੋਂ ਇਸ ਨਵੀਂ ਸਾਂਝ ਨੂੰ ਤੋੜਨ ਲਈ ਜਥੇਬੰਦ ਕੀਤੇ।

1947 ਵਿਚ ਪੰਜਾਬ ਦੀ ਵੰਡ ਦੇ ਬਾਅਦ ਫਿਰਕੂ ਤਸ਼ੱਦਦ ਅਤੇ ਜ਼ਾਤ ਪਾਤ ਵਾਲੇ ਹਮਲੇ ਹੋਰ ਵੀ ਵਧੇ ਹਨ। ਕਾਂਗਰਸ, ਅਤੇ ਹਾਕਮ ਜਮਾਤਾਂ ਦੀਆਂ ਹੋਰ ਪਾਰਟੀਆਂ ਨੇ ਆਪਣੇ ਫਾਇਦੇ ਲਈ ਅਤੇ ਲੋਕਾਂ ਦੇ ਹੱਕਾਂ ਨੂੰ ਕੁਚਲਣ ਲਈ ਉਨ੍ਹਾਂ ਵਿਚ ਫੁੱਟ ਪਾਉਣ ਲਈ ਜ਼ਾਤ ਪਾਤ ਦੀ ਜਕੜ ਨੂੰ ਹੋਰ ਵੀ ਵਧਾਉਣ ਦਾ ਹੋਰ ਉਪਰਾਲਾ ਕੀਤਾ। ਮਿਸਾਲ ਦੇ ਤੌਰ ਤੇ ਪਾਰਟੀ ਦੇ ਟਿਕਟ ਜ਼ਾਤ ਪਾਤ ਦੇ ਆਧਾਰ ਤੇ ਦਿਤੇ ਜਾਂਦੇ ਹਨ। ਸਰਕਾਰੀ ਅਦਾਰਿਆਂ ਵਿਚ ਜ਼ਾਤ ਪਾਤ ਦੇ ਆਧਾਰ ਤੇ ਵਿਤਕਰਾ ਕੀਤਾ ਜਾਂਦਾ ਹੈ।

ਇਕ ਪਾਸੇ ਨਵੇਂ ਹਾਲਾਤ ਹਰ ਜ਼ਾਤ ਅਤੇ ਧਰਮ ਦੇ ਲੋਕਾਂ ਨੂੰ ਕੰਮਾਂ ਦੇ ਥਾਂਵਾਂ ਤੇ ਇਕੱਠਾ ਕਰ ਰਹੇ ਹਨ ਪਰ ਦੂਸਰੇ ਪਾਸੇ ਹਾਕਮ ਟੋਲਾ, ਉਨ੍ਹਾਂ ਦੀ ਰਿਆਸਤ ਅਤੇ ਅਦਾਰੇ ਇੰਜ ਇਕੱਠੇ ਹੋਏ ਲੋਕਾਂ ਵਿਚ ਜਾਤ-ਪਾਤ ਨੂੰ ਵਰਤ ਕੇ ਦੁਫੇੜ ਖੜੇ ਕਰਦੇ ਹਨ। ਪਿੰਡਾਂ ਵਿਚ ਵੱਡੇ ਜਗੀਰਦਾਰ ਸਰਕਾਰੀ ਅਦਾਰਿਆਂ ਦੀ ਛਤਰ ਛਾਇਆ ਹੇਠ ਸ਼ਰ੍ਹੇਆਮ ਦਲਿਤਾਂ ਦੇ ਕਤਲ ਕਰਦੇ ਹਨ ਅਤੇ ਉਨ੍ਹਾਂ ਦੀਆਂ ਬਸਤੀਆਂ ਨੂੰ ਸਾੜਦੇ ਹਨ। ਹਾਲ ਵਿਚ ਸਰਕਾਰ ਨੇ ਮਰਦਮ ਸ਼ੁਮਾਰੀ ਵਿਚ ਜ਼ਾਤ ਦਾ ਖਾਨਾ ਭਰਨਾ ਵੀ ਜ਼ਰੂਰੀ ਕਰ ਦਿੱਤਾ ਹੈ। ਹਰ ਸ਼ਹਿਰੀ ਦੀ ਗਿਣਤੀ ਉਸਦੀ ਜ਼ਾਤ ਦੇ ਮੁਤਾਬਿਕ ਕੀਤੀ ਜਾਵੇਗੀ।ਉਂਜ ਜਾਤ-ਪਾਤ ਦੇ ਵਿਤਕਰੇ ਖ਼ਿਲਾਫ਼ ਕਾਨੂੰਨ ਵੀ ਬਣੇ ਹੋਏ ਹਨ ਪਰ ਹਾਕਮ ਟੋਲੇ ਦੇ ਸਾਰੇ ਅਦਾਰੇ ਅਤੇ ਪਾਰਟੀਆਂ ਇਸਨੂੰ ਹੱਲਾ ਸ਼ੇਰੀ ਹੀ ਦਿੰਦੇ ਹਨ। ਹਰੇਕ ਸਰਕਾਰੀ ਰਸਮ ਨੂੰ ਉੱਚੀ ਜ਼ਾਤ ਦੀ ਰਸਮ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਤੇ ਪਰੋਹਤਾਂ ਕੋਲੋਂ ਮਨੂਵਾਦੀ ਮੰਤ੍ਰ ਪੜ੍ਹਾਏ ਜਾਂਦੇ ਹਨ।

ਪਰ ਲੋਕ ਆਪਣੀ ਏਕਤਾ ਅਤੇ ਹੱਕਾਂ ਦੇ ਘੋਲ ਉੱਤੇ ਹਾਕਮ ਟੋਲੇ ਵਲੋਂ ਇਸ ਹਮਲੇ ਦੀ ਹਕੀਕਤ ਤੋਂ ਜਾਣੂ ਹੋ ਰਹੇ ਹਨ ਅਤੇ ਆਪਣੇ ਇਕੱਠ ਅਤੇ ਏਕਤਾ ਨੂੰ ਮਜ਼ਬੂਤ ਕਰਨ ਦਾ ਉਦਮ ਕਰ ਰਹੇ ਹਨ। ਫੈਕਟਰੀਆਂ, ਮਿੱਲਾਂ, ਦਫ਼ਤਰਾਂ, ਸਕੂਲਾਂ, ਕਾਲਜਾਂ, ਯੂਨੀਅਨਾਂ ਅਤੇ ਮਹੱਲਿਆਂ ਵਿਚ ਲੋਕ ਹਾਕਮ ਟੋਲੇ ਵਲੋਂ ਪਾਏ ਜਾ ਰਹੇ ਇਸ ਦੁਫੇੜ ਬਾਰੇ ਜਾਗਰਿਤ ਅਤੇ ਚੌਕਸ ਹੋ ਰਹੇ ਹਨ। ਉਹ ਇਕ ਦੂਜੇ ਨੂੰ ਇਸ ਮੁਸੀਬਤ ਵਲੋਂ ਖ਼ਬਰਦਾਰ ਕਰ ਰਹੇ ਹਨ। ਲੋਕਾਂ ਦੇ ਸਾਂਝੇ ਨਿਸ਼ਾਨਿਆਂ ਲਈ ਘੋਲ ਤੇਜ਼ ਹੋ ਰਹੇ ਹਨ। ਇਸ ਲਈ ਹਾਕਮ ਟੋਲਾ ਜਾਤ-ਪਾਤ ਦੇ ਜ਼ਹਿਰ ਨੂੰ ਹੋਰ ਵੀ ਤੇਜ਼ੀ ਨਾਲ ਲੋਕਾਂ ਵਿਚ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮਿਸਾਲ ਦੇ ਤੌਰ ਤੇ ਹਾਕਮ ਟੋਲਾ ਅਤੇ ਇਸਦਾ ਮੀਡੀਆ ਪਰਚਾਰ ਕਰਦਾ ਹੈ ਕਿ ਛੋਟੀਆਂ ਜ਼ਾਤਾਂ ਦੇ ਲੋਕਾਂ ਨੂੰ ਸਰਕਾਰ ਨੇ ਪਿਛਲੇ ਸੱਠ ਸਾਲਾਂ ਵਿਚ ਬਹੁਤ ਹੀ ਸਹੂਲਤਾਂ ਦਿੱਤੀਆਂ ਹਨ। ਇਸ ਨਾਲ ਇਹ ਭੂਤਰ ਗਏ ਹਨ। ਉੱਚੀਆਂ ਜ਼ਾਤਾਂ ਵਾਲਿਆਂ ਨੂੰ ਕੋਈ ਸਹੂਲਤ ਨਹੀਂ। ਉਨ੍ਹਾਂ ਦੀਆਂ ਨੌਕਰੀਆਂ ਛੋਟੀਆਂ ਜ਼ਾਤਾਂ ਵਾਲਿਆਂ ਨੂੰ ਦਿੱਤੀਆਂ ਜਾਂਦੀਆਂ ਹਨ ਅਤੇ ਇਹ ਸਰਾਸਰ ਬੇਇਨਸਾਫ਼ੀ ਹੈ। ਇਹੋ ਜਿਹਾ ਪਰਚਾਰ ਕਰਕੇ ਉਹ ਲੋਕਾਂ ਨੂੰ ਇਕ ਦੂਜੇ ਦੇ ਖ਼ਿਲਾਫ਼ ਭੜਕਾ ਕੇ ਤਸ਼ੱਦਦ ਕਰਦੇ ਹਨ। ਇਸ ਨਾਲ ਲੋਕਾਂ ਵਿਚ ਫੁੱਟ ਪਾਕੇ ਉਨ੍ਹਾਂ ਦੇ ਘੋਲਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਦੂਜੇ ਪਾਸੇ ਹਾਕਮ ਟੋਲਾ ਹੀ ਇਹ ਪਰਚਾਰ ਵੀ ਕਰਦਾ ਹੈ ਕਿ ਜਾਤ-ਪਾਤ ਦਾ ਮਸਲਾ ਲੁੱਟ ਖਸੁੱਟ ਦੇ ਤੰਤ੍ਰ ਨੂੰ ਬਰਕਰਾਰ ਰੱਖ ਕੇ ਖ਼ਤਮ ਕੀਤਾ ਜਾ ਸਕਦਾ ਹੈ ਇਸ ਲਈ ਦਲਿਤਾਂ ਨੂੰ ਲੁੱਟ ਖਸੁੱਟ ਦੇ ਖ਼ਿਲਾਫ਼ ਘੋਲ ਨਹੀਂ ਕਰਨਾ ਚਾਹੀਦਾ। ਤੇ ਹਾਕਮ ਟੋਲਾ ਇਹਨੂੰ ਆਪ ਹੀ ਖ਼ਤਮ ਕਰ ਦੇਵੇਗਾ। ਮਿਸਾਲ ਦੇ ਤੌਰ ਤੇ ਜਗਜੀਵਨ ਰਾਮ ਅਤੇ ਮਾਇਆਵਤੀ ਵਰਗਿਆਂ ਨੂੰ  ਦਲਿਤਾਂ ਦੇ ਲੀਡਰਾਂ ਦੇ ਤੌਰ ਤੇ ਪੇਸ਼ ਕਰਕੇ ਹਾਕਮ ਟੋਲੇ ਦਾ ਹੀ ਪੱਖ ਪੂਰ ਹੁੰਦਾ ਹੈ। ਕਿਉਂਕਿ ਲੋਕਾਂ ਦਾ ਤਜਰਬਾ  ਨਿਰਨਾ ਕੱਢਦਾ ਹੈ ਕਿ ਇਹੋ ਜਿਹੇ ਲੀਡਰ ਹਾਕਮ ਟੋਲੇ ਦੀ ਸੇਵਾ ਕਰਕੇ ਸਿਰਫ਼ ਆਪਣੀਆਂ ਜੇਬਾਂ ਹੀ ਭਰਦੇ ਹਨ ਲੁੱਟ ਖਸੁੱਟ ਦਾ ਨਿਜ਼ਾਮ, ਜੋ ਜ਼ਾਤ ਪਾਤ ਨੂੰ ਬਰਕਰਾਰ ਰਖਦਾ ਹੈ, ਉਸਦੇ ਖ਼ਿਲਾਫ਼ ਕੋਈ ਆਵਾਜ਼ ਨਹੀਂ ਉਠਾਉਂਦੇ।

ਜਾਤ-ਪਾਤ ਦੇ ਕੋਹੜ ਨੂੰ ਲੋਕ ਆਪਣੀ ਏਕਤਾ ਨਾਲ ਸਭਨਾਂ ਦੇ ਹੱਕਾਂ ਦੀ ਰਾਖੀ ਲਈ ਇਕ ਪੁਰਜ਼ੋਰ ਸੰਘਰਸ਼ ਚਲਾ ਕੇ ਹੀ ਖ਼ਤਮ ਕਰ ਸਕਦੇ ਹਨ। ਨਵੇਂ ਹਾਲਾਤ ਇਸ ਕੋਹੜ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਹਨ। ਹਾਕਮ ਟੋਲਾ ਇਸ ਕੋਹੜ ਨੂੰ ਆਪਣੇ ਮੁਫ਼ਾਦ ਲਈ  ਬਰਕਰਾਰ ਰਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਨਵੇਂ ਹਾਲਾਤ ਅਤੇ ਨਵੀਂ ਸਾਂਝ ਅਤੇ ਲੋਕਾਂ ਦੇ ਨਵੀਂ ਉਸਾਰੀ ਲਈ ਘੋਲ ਲਾਜ਼ਮੀ ਹੀ ਇਸ ਕੋਹੜ ਨੂੰ ਖ਼ਤਮ ਕਰ ਦੇਣਗੇ। ਲੋਕਾਂ ਦੀ ਮੁਕਤੀ ਦਾ ਇਹ ਇਕੋ ਇਕ ਰਾਹ ਹੈ।